ਪੰਜਾਬ ਸਰਕਾਰ
ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ।

ਸੇਵਾ ਵਿਚ

✓ਸਮੂਹ ਡਿਪਟੀ ਕਮਿਸ਼ਨਰ,
ਪੰਜਾਬ ਰਾਜ ਵਿੱਚ।

ਮੀਮੋ ਨੰਬਰ ਐਸ.ਏ.(ਬਜਟ/ਫੰਡ)-ਬੀ.ਜੀ-1/5/(234)-2017/130
ਮਿਤੀ ਚੰਡੀਗੜ੍ਹ:18-03-2017.

ਵਿਸ਼ਾ : **ਖੁਰਾਕ ਜਿਨਸਾਂ ਦੀ ਢੋਆ-ਢੁਆਈ ਅਤੇ ਸਟੋਰੇਜ਼ ਕੇਂਦਰਾਂ ਲਈ ਲੇਬਰ/ਕਾਰਟੇਜ਼ ਅਤੇ ਪੀ.ਈ.ਜੀ. ਗੁਦਾਮਾਂ ਦੇ ਲੇਬਰ ਕੰਮ ਦੀ ਠੇਕਾ ਪੂਰਤੀ ਸਾਲ 2017-18 ਸਬੰਧੀ ਜਾਰੀ ਪਾਲਿਸੀ ਹਦਾਇਤਾਂ ਸਬੰਧੀ।**

**ਸੋਧ ਪੱਤਰ**

ਹਵਾਲਾ ਮੁੱਖ ਦਫਤਰ ਦਾ ਪੱਤਰ ਮੀਮੋ ਨੰ: ਐਸ.ਏ.(ਬ/ਫ)ਬੀ.ਜੀ.5 (234)-2017/ 80 ਮਿਤੀ 28.02.2017 ਅਤੇ ਨੰ: ਐਸ.ਏ.(ਬ/ਫ)ਬੀ.ਜੀ.1 (234)-2017/ 81 ਮਿਤੀ 28.02.2017 (ਕਾਪੀਆਂ ਨੱਥੀ), ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2- ਉਪਰੋਕਤ ਪੱਤਰਾਂ ਰਾਹੀਂ ਸਾਲ 2017-18 ਦੌਰਾਨ ਖੁਰਾਕ ਜਿਨਸਾਂ ਦੀ ਢੋਆ-ਢੁਆਈ, ਸਟੋਰੇਜ਼ ਪੁਆਇੰਟ (ਓਪਨ ਪਲਿੰਥ ਅਤੇ ਕਵਰਡ ਗੁਦਾਮਾਂ) ਅਤੇ ਪੀ.ਈ.ਜੀ. ਗੁਦਾਮਾਂ ਤੇ ਲੇਬਰ ਦੇ ਕੰਮ ਦੀ ਠੇਕਾ ਪੂਰਤੀ ਲਈ ਜਾਰੀ ਪਾਲਿਸੀ ਗਾਈਡ ਲਾਈਨਜ਼/ਹਦਾਇਤਾਂ, ਵਿੱਚ ਅੰਸ਼ਿਕ ਸੋਧ ਕਰਦੇ ਹੋਏ ਹੇਠ ਦਰਸਾਏ ਅਨੁਸਾਰ ਅੰਦਰਾਜ਼ ਕੀਤਾ ਜਾਂਦਾ ਹੈ:-

ੳ) ਉਕਤ ਪੱਤਰ ਰਾਂਹੀ ਜਾਰੀ ਢੋਆ ਢੁਆਈ ਦੀ ਪਾਲਿਸੀ ਹਦਾਇਤਾਂ ਦੀ ਕਲਾੱਜ਼ ਨੰ:1, ਅਨੁਸਾਰ ਵਿਸ਼ੇ ਅੰਕਿਤ ਕੰਮ ਲਈ ਟੈਂਡਰ ਅਲਾਟਮੈਂਟ ਕਮੇਟੀ ਦਾ ਮੁਖੀ ਸਬੰਧਤ ਡਿਪਟੀ ਡਾਇਰੈਕਟਰ ਫੀਲਡ ਨੂੰ ਨਿਯੁਕਤ ਕੀਤਾ ਗਿਆ ਸੀ। ਪ੍ਰਸਾਸ਼ਨਿਕ ਕਾਰਨਾ ਕਰਕੇ ਅਤੇ ਰੱਬੀ ਸੀਜ਼ਨ 2017 ਸ਼ੁਰੂ ਹੋਣ ਤੋਂ ਪਹਿਲਾਂ ਪਹਿਲਾਂ ਟੈਂਡਰ ਪ੍ਰੀਕਿਰਿਆ ਦੇ ਕੰਮ ਨੂੰ ਮੁਕੰਮਲ ਕਰਨ ਲਈ ਹੁਣ ਸਬੰਧਤ ਡਿਪਟੀ ਕਮਿਸ਼ਨਰ ਨੂੰ ਟੈਂਡਰ ਅਲਾਟਮੈਂਟ ਕਮੇਟੀ ਦੇ ਮੁਖੀ (ਚੇਅਰਮੈਨ ਟੈਂਡਰ ਆਟਮੈਂਟ ਕਮੇਟੀ) ਨਿਯੁਕਤ ਕੀਤਾ ਜਾਂਦਾ ਹੈ। ਢੋਆ-ਢੁਆਈ ਦੇ ਕੰਮ ਦੀਆਂ ਪਾਲਿਸੀ ਹਦਾਇਤਾਂ ਦੀ ਕਲਾੱਜ਼ ਨੰ:1 ਨੂੰ ਹੇਠ ਦਰਸਾਏ ਅਨੁਸਾਰ ਪੜਿਆ ਜਾਵੇ:-

> ਕਲਾੱਜ਼ ਨੰ:1- ਟੈਂਡਰਾਂ ਦੀ ਅਲਾਟਮੈਂਟ, ਜਿਲਾ ਪੱਧਰੀ ਟੈਂਡਰ ਅਲਾਟਮੈਂਟ ਕਮੇਟੀ ਦੁਆਰਾ ਕੀਤੀ ਜਾਵੇਗੀ, ਜਿਸਦੇ ਮੁਖੀ ਸਬੰਧਤ ਜਿਲਾ ਡਿਪਟੀ ਕਮਿਸ਼ਨਰ ਹੋਣਗੇ। ਸਾਰੀਆਂ ਖਰੀਦ ਏਜੰਸੀਆਂ (ਸਮੇਤ ਐਫ.ਸੀ.ਆਈ.) ਦੇ ਜ਼ਿਲਾ ਮੁਖੀ ਇਸ ਕਮੇਟੀ ਦੇ ਮੈਬਰ ਹੋਣਗੇ। ਟੈਂਡਰ ਅਲਾਟਮੈਂਟ ਕਮੇਟੀ ਦੇ ਕਨਵੀਨਰ ਜਿਲਾ ਕੰਟਰੋਲਰ ਖੁਰਾਕ ਤੇ ਸਪਲਾਈਜ਼ ਹੋਵੇਗਾ।

ਅ) ਉਕਤ ਪੱਤਰ ਰਾਂਹੀ ਜਾਰੀ ਸਟੋਰੇਜ਼ ਪੁਆਇੰਟ (ਓਪਨ ਪਲਿੰਥ ਅਤੇ ਕਵਰਡ ਗੁਦਾਮਾਂ) ਅਤੇ ਪੀ.ਈ.ਜੀ. ਗੁਦਾਮਾਂ ਤੇ ਲੇਬਰ ਦੇ ਕੰਮ ਦੀਆਂ ਪਾਲਿਸੀ ਹਦਾਇਤਾਂ ਦੀ ਕਲਾੱਜ਼ ਨੰ:3, ਅਨੁਸਾਰ ਵਿਸ਼ੇ ਅੰਕਿਤ ਕੰਮ ਲਈ ਟੈਂਡਰ ਅਲਾਟਮੈਂਟ ਕਮੇਟੀ ਦਾ ਮੁਖੀ ਸਬੰਧਤ ਡਿਪਟੀ ਡਾਇਰੈਕਟਰ ਫੀਲਡ ਨੂੰ ਨਿਯੁਕਤ ਕੀਤਾ ਗਿਆ ਸੀ। ਪ੍ਰਸਾਸ਼ਨਿਕ ਕਾਰਨਾ ਕਰਕੇ ਅਤੇ ਰੱਬੀ ਸੀਜ਼ਨ 2017 ਸ਼ੁਰੂ ਹੋਣ ਤੋਂ ਪਹਿਲਾਂ ਪਹਿਲਾਂ ਟੈਂਡਰ ਪ੍ਰੀਕਿਰਿਆ ਦੇ ਕੰਮ ਨੂੰ ਮੁਕੰਮਲ ਕਰਨ ਲਈ ਹੁਣ ਸਬੰਧਤ ਡਿਪਟੀ ਕਮਿਸ਼ਨਰ ਟੈਂਡਰ ਅਲਾਟਮੈਂਟ ਕਮੇਟੀ ਦੇ ਮੁਖੀ (ਚੇਅਰਮੈਨ ਟੈਂਡਰ ਆਟਮੈਂਟ ਕਮੇਟੀ) ਨਿਯੁਕਤ ਕੀਤੇ ਜਾਂਦੇ ਹਨ। ਸਟੋਰੇਜ਼ ਪੁਆਇੰਟ (ਓਪਨ ਪਲਿੰਥ ਅਤੇ ਕਵਰਡ ਗੁਦਾਮਾਂ) ਅਤੇ ਪੀ.ਈ.ਜੀ. ਗੁਦਾਮਾਂ ਤੇ ਲੇਬਰ ਦੇ ਕੰਮ ਦੇ ਕੰਮ ਦੀਆਂ ਪਾਲਿਸੀ ਹਦਾਇਤਾਂ ਦੀ ਕਲਾੱਜ਼ ਨੰ:3 ਨੂੰ ਹੇਠ ਦਰਸਾਏ ਅਨੁਸਾਰ ਪੜਿਆ ਜਾਵੇ:-

> ਕਲਾੱਜ਼ ਨੰ:3- ਟੈਂਡਰਾਂ ਦੀ ਅਲਾਟਮੈਂਟ, ਜਿਲਾ ਪੱਧਰੀ ਟੈਂਡਰ ਅਲਾਟਮੈਂਟ ਕਮੇਟੀ ਦੁਆਰਾ ਕੀਤੀ ਜਾਵੇਗੀ, ਜਿਸਦਾ ਮੁਖੀ ਸਬੰਧਤ ਜਿਲਾ ਡਿਪਟੀ ਕਮਿਸ਼ਨਰ ਹੋਣਗੇ। ਸਾਰੀਆਂ ਖਰੀਦ ਏਜੰਸੀਆਂ (ਸਮੇਤ ਐਫ.ਸੀ.ਆਈ.) ਦੇ ਜ਼ਿਲਾ ਮੁਖੀ ਇਸ

ਪੰਨਾ ਪਰਤੋ ______

ਕਮੇਟੀ ਦੇ ਮੈਂਬਰ ਹੋਣਗੇ। ਟੈਂਡਰ ਅਲਾਟਮੈਂਟ ਕਮੇਟੀ ਦੇ ਕਨਵੀਨਰ ਜਿਲਾ ਕੰਟਰੋਲਰ ਖੁਰਾਕ ਤੇ ਸਪਲਾਈਜ਼ ਹੋਵੇਗਾ।

ਵਧੀਕ ਡਾਇਰੈਕਟਰ (ਵਿੱਤ),
ਵਾ: ਪ੍ਰਮੁੱਖ ਸਕੱਤਰ, ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ ਪੰਜਾਬ।

ਪਿੱਠ ਅੰਕਣ ਨੰ: ਐਸ.ਏ(ਬ/ਫ)ਬੀ.ਜੀ.1/5(234)-2017/ 131 ਮਿਤੀ,ਚੰਡੀਗੜ੍ਹ: 18.03.2017

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ:-

1- ਰੀਜਨਲ ਮੈਨੇਜਰ, ਐਫ.ਸੀ.ਆਈ., ਸੈਕਟਰ-31,ਚੰਡੀਗੜ੍ਹ।
2- ਮੈਨੇਜਿੰਗ ਡਾਇਰੈਕਟਰ, ਪਨਗਰੇਨ, ਮਾਰਕਫੈਡ, ਪਨਸਪ,ਵੇਅਰਹਾਊਸ ਅਤੇ ਪੰਜਾਬ ਐਗਰੋ।
2- ਸਮੂਹ ਡਿਪਟੀ ਡਾਇਰੈਕਟਰ(ਫੀਲਡ), ਖੁਰਾਕ ਤੇ ਸਪਲਾਈਜ਼ ਵਿਭਾਗ, ਪੰਜਾਬ ਰਾਜ ।
3- ਸਮੂਹ ਜਿਲਾ ਕੰਟਰੋਲਰ, ਖੁਰਾਕ ਤੇ ਸਪਲਾਈਜ਼, ਪੰਜਾਬ ਰਾਜ।

ਵਧੀਕ ਡਾਇਰੈਕਟਰ (ਵਿੱਤ),
ਵਾ: ਪ੍ਰਮੁੱਖ ਸਕੱਤਰ, ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ ਪੰਜਾਬ।

ਪਿੱਠ ਅੰਕਣ ਨੰ: ਐਸ.ਏ(ਬ/ਫ)ਬੀ.ਜੀ.1/5(234)-2017/ 132 ਮਿਤੀ,ਚੰਡੀਗੜ੍ਹ: 18.03.2017

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ:-

1. ੳ.ਐਸ.ਡੀ./ਮਾਨਯੋਗ ਮੁੱਖ ਮੰਤਰੀ, ਪੰਜਾਬ।
2. ਨਿੱਜੀ ਸਕੱਤਰ/ਪ੍ਰਮੁੱਖ ਸਕੱਤਰ, ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ, ਪੰਜਾਬ।
3. ਪੀ.ਏ./ਡਾਇਰੈਕਟਰ, ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ, ਪੰਜਾਬ।

ਵਧੀਕ ਡਾਇਰੈਕਟਰ (ਵਿੱਤ),
ਵਾ: ਪ੍ਰਮੁੱਖ ਸਕੱਤਰ, ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ ਪੰਜਾਬ।

ਪਿੱਠ ਅੰਕਣ ਨੰ: ਐਸ.ਏ(ਬ/ਫ)ਬੀ.ਜੀ.1/5(234)-2017/133 ਮਿਤੀ,ਚੰਡੀਗੜ੍ਹ: 18.03.2017

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ:-

1. ਵਧੀਕ ਡਾਇਰੈਕਟਰ, ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ, ਪੰਜਾਬ।
2. ਡਿਪਟੀ ਡਾਇਰੈਕਟਰ, ਕੰਪਿਊਟਰ ਸ਼ਾਖਾ, ਮੁੱਖ ਦਫਤਰ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਨਾਲ ਨੱਥੀ ਪਾਲਿਸੀ ਹਦਾਇਤਾਂ ਦੇ ਸੋਧ ਪੱਤਰ ਨੂੰ ਵਿਭਾਗ ਦੀ ਵੈਬਸਾਇਟ ਤੇ ਤੁਰੰਤ ਅਪਲੋਡ ਕੀਤਾ ਜਾਵੇ।

ਵਧੀਕ ਡਾਇਰੈਕਟਰ (ਵਿੱਤ),
ਵਾ: ਪ੍ਰਮੁੱਖ ਸਕੱਤਰ, ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ ਪੰਜਾਬ।